ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਬੈੱਡ ਬਗ਼ਜ਼ (ਖਟਮਲ) ਖ਼ਤਮ 647-688-3944
ਦੰਦ ਲਗਵਾਓ FREE ਮੁਫ਼ਤ 905-458-3344 With CDCP

ਟੋਰੌਂਟੋ: ਕੈਨੇਡਾ ’ਚ ਇਸ ਵੇਲੇ ਡਾਕਟਰਾਂ ਦੀ ਭਾਰੀ ਕਮੀ ਹੈ। ਇੱਕ ਰਿਪੋਰਟ ਅਨੁਸਾਰ ਇੱਥੇ ਸਿਰਫ਼ 37% ਮਰੀਜ਼ਾਂ ਨੂੰ ਹੀ 24 ਘੰਟਿਆਂ ਦੇ ਅੰਦਰ ਐਮਰਜੈਂਸੀ ਅਪੌਇੰਟਮੈਂਟ ਮਿਲ ਪਾ ਰਹੀ ਹੈ। ਹਾਲ ਹੀ ’ਚ ਇਲਾਜ ’ਚ ਦੇਰੀ ਕਾਰਨ ਇੱਕ ਭਾਰਤਵੰਸ਼ੀ ਦੀ ਮੌਤ ਦਾ ਮਾਮਲਾ ਵੀ ਕਾਫ਼ੀ ਸੁਰਖ਼ੀਆਂ ’ਚ ਰਿਹਾ ਸੀ ਜਿਸ ਤੋਂ ਬਾਅਦ ਸਰਕਾਰ ਨੇ ਮੈਡੀਕਲ ਸੇਵਾਵਾਂ ਸੁਧਾਰਨ ਲਈ ਲਈ ਭਾਰਤੀ ਡਾਕਟਰਾਂ ਲਈ ਪਲਕਾਂ ਵਿਛਾ ਦਿੱਤੀਆਂ ਹਨ। ਦਰਅਸਲ ਕੈਨੇਡਾ ਨੇ ਭਾਰਤੀ ਡਾਕਟਰਾਂ ਨੂੰ ਵੱਡਾ ਔਫ਼ਰ ਦਿੰਦੇ ਹੋਏ Express Visa Entry ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਸਕੀਮ ਦੇ ਪਹਿਲੇ ਪੜਾਅ ’ਚ ਛੇ ਹਜ਼ਾਰ ਭਾਰਤੀ ਡਾਕਟਰਾਂ ਨੂੰ ਕੈਨੇਡਾ ’ਚ ਦਾਖ਼ਲਾ ਮਿਲੇਗਾ। ਪਹਿਲੇ ਪੜਾਅ ’ਚ ਫ਼ੈਡਰਲ ਸਰਵਿਸਿਜ਼ ਲਈ ਇੱਕ ਹਜ਼ਾਰ ਅਤੇ ਸੂਬਾਈ ਸਰਕਾਰਾਂ ਲਈ ਕਰੀਬ ਪੰਜ ਹਜ਼ਾਰ ਡਾਕਟਰਾਂ ਨੂੰ ਵੀਜ਼ੇ ਜਾਰੀ ਕਰਨ ਦੀ ਯੋਜਨਾ ਹੈ ਜੋ ਕਿ ਇਸ ਮਹੀਨੇ ਦੇ ਅਖੀਰ ਤਕ ਲਾਗੂ ਹੋ ਸਕਦੀ ਹੈ।

ਨੌਜਵਾਨ ਡਾਕਟਰਾਂ ਦੀ ਨਿਕਲੀ ਲਾਟਰੀ: ਇਹ ਇੱਕ ਪੁਆਇੰਟ ਬੇਸਡ ਸਲੈਕਸ਼ਨ ਸਕੀਮ ਹੈ ਜਿਸ ’ਚ ਬਿਨੈਕਾਰ ਦੀ ਉਮਰ, ਸਿੱਖਿਆ ਅਤੇ ਤਜ਼ਰਬੇ ਦੇ ਅਧਾਰ ’ਤੇ ਚੋਣ ਕੀਤੀ ਜਾਂਦੀ ਹੈ। ਕੈਨੇਡਾ ਸਰਕਾਰ ਦਾ ਮੰਨਣਾ ਹੈ ਕਿ ਨੌਜਵਾਨ ਡਾਕਟਰਾਂ ਨੂੰ ਇਸ ਦਾ ਸਭ ਤੋਂ ਵੱਧ ਫ਼ਾਇਦਾ ਮਿਲੇਗਾ ਕਿਉਂਕਿ ਉਹ ਲੰਬੇ ਸਮੇਂ ਤਕ ਦੇਸ਼ ਲਈ ਸੰਪਤੀ (Asset) ਬਣ ਕੇ ਕੰਮ ਕਰ ਸਕਣਗੇ। Express Entry ਰਾਹੀਂ ਜਾਣ ਵਾਲੇ ਡਾਕਟਰਾਂ ਲਈ ਪਰਮਾਨੈਂਟ ਰੈਜ਼ੀਡੈਂਸੀ (PR) ਮਿਲਣ ਦੇ ਮੌਕੇ ਵਧ ਜਾਣਗੇ। ਪੰਜ ਸਾਲ ਕੈਨੇਡਾ ’ਚ ਰਹਿਣ ਤੋਂ ਬਾਅਦ ਉਹ ਇੱਥੋਂ ਦੀ ਨਾਗਰਿਕਤਾ (Citizenship) ਲਈ ਵੀ ਆਸਾਨੀ ਨਾਲ ਐਪਲਾਈ ਕਰ ਸਕਣਗੇ।

Trump ਨੇ ਦੱਸਿਆ ਕੌਣ ਨਿਸ਼ਾਨੇ ’ਤੇ ਅਤੇ ਕਿਸ ਨੂੰ ਮਿਲੇਗੀ ਰਾਹਤ

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦਾ ਇੱਕ ਸਾਲ ਪੂਰਾ ਹੋਣ ਮੌਕੇ ਪਰਵਾਸੀਆਂ ਅਤੇ ਸਰਹੱਦੀ ਸੁਰੱਖਿਆ ਨੂੰ ਲੈ ਕੇ ਇੱਕ ਅਹਿਮ ਐਲਾਨ ਕੀਤਾ ਹੈ। ਵ੍ਹਾਈਟ ਹਾਊਸ ’ਚ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਦੀ ਸਖ਼ਤੀ ਦਾ ਮੁੱਖ ਨਿਸ਼ਾਨਾ ਕੌਣ ਹੈ, ਅਤੇ ਕਿਨ੍ਹਾਂ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ।

ਕੌਣ ਹੈ ਟਰੰਪ ਦੇ ਨਿਸ਼ਾਨੇ ’ਤੇ ? ਟਰੰਪ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਜ਼ੀਰੋ ਟੌਲਰੈਂਸ ਦੀ ਨੀਤੀ ’ਤੇ ਕੰਮ ਕਰ ਰਿਹਾ ਹੈ, ਪਰ ਇਹ ਸਖ਼ਤੀ ਖ਼ਾਸ ਕਰ ਕੇ ਅਪਰਾਧਕ ਪਿਛੋਕੜ ਵਾਲੇ ਲੋਕਾਂ ਲਈ ਹੈ।

ਖ਼ਤਰਨਾਕ ਅਪਰਾਧੀ: ਕਾਤਲ, ਨਸ਼ਾ ਤਸਕਰ ਅਤੇ ਗੈਂਗਸਟਰ ਸਰਕਾਰ ਦੀ ਹਿੱਟ-ਲਿਸਟ ’ਤੇ ਹਨ।

ਗ਼ੈਰ-ਕਾਨੂੰਨੀ ਘੁਸਪੈਠੀਏ: ਟਰੰਪ ਨੇ ਦਾਅਵਾ ਕੀਤਾ ਕਿ ਪਿਛਲੇ ਅੱਠ ਮਹੀਨਿਆਂ ਤੋਂ ਗ਼ੈਰ-ਕਾਨੂੰਨੀ ਐਂਟਰੀਆਂ ਲਗਭਗ ਜ਼ੀਰੋ ਹੋ ਗਈਆਂ ਹਨ।

ਮਿਨੇਸੋਟਾ ਮਾਡਲ: ਉਨ੍ਹਾਂ ਦੱਸਿਆ ਕਿ ਇਕੱਲੇ ਮਿਨੇਸੋਟਾ ’ਚੋਂ 10 ਹਜ਼ਾਰ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰ ਕੇ ਦੇਸ਼ ਨਿਕਾਲਾ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ।

ਕਿਨ੍ਹਾਂ ਨੂੰ ਮਿਲੇਗੀ ਰਾਹਤ ? ਭਾਰਤੀਆਂ ਸਮੇਤ ਹੋਰਨਾਂ ਪਰਵਾਸੀਆਂ ਲਈ ਇੱਕ ਰਾਹਤ ਭਰੀ ਖ਼ਬਰ ਦਿੰਦਿਆਂ ਟਰੰਪ ਨੇ ਕਿਹਾ ਕਿ ਉਹ ਉਨ੍ਹਾਂ ਲੋਕਾਂ ਨੂੰ ਤੰਗ ਨਹੀਂ ਕਰਨਾ ਚਾਹੁੰਦੇ ਜੋ ਅਮਰੀਕਾ ਦੀ ਆਰਥਿਕਤਾ ’ਚ ਯੋਗਦਾਨ ਪਾ ਰਹੇ ਹਨ।

ਖੇਤੀਬਾੜੀ ਅਤੇ ਹੋਟਲ ਵਰਕਰਜ਼: ਟਰੰਪ ਨੇ ਮੰਨਿਆ ਕਿ ਖੇਤਾਂ, ਹੋਟਲਾਂ ਅਤੇ ਛੋਟੇ ਰੈਸਟੋਰੈਂਟਾਂ (Luncheonettes) ’ਚ ਕੰਮ ਕਰਨ ਵਾਲੇ ਲੋਕ ਮਿਹਨਤੀ ਹਨ ਅਤੇ ਫ਼ਿਲਹਾਲ ਉਹ ਸਰਕਾਰ ਦੀ ਪ੍ਰਾਥਮਿਕਤਾ ’ਚ ਨਹੀਂ।

ਬਿਨਾਂ ਅਪਰਾਧਿਕ ਰਿਕਾਰਡ ਵਾਲੇ: ਉਨ੍ਹਾਂ ਸੰਕੇਤ ਦਿੱਤਾ ਕਿ ਜਿਨ੍ਹਾਂ ਪਰਵਾਸੀਆਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ, ਉਨ੍ਹਾਂ ਪ੍ਰਤੀ ਨੀਤੀ ’ਚ ਕੁੱਝ ਲਚਕਤਾ ਦਿਖਾਈ ਜਾ ਸਕਦੀ ਹੈ।

ਬਿਨਾਂ ਕਾਨੂੰਨ ਦੇ ਸਰਹੱਦ ਸੀਲ: ਟਰੰਪ ਨੇ ਜੋਅ ਬਾਇਡਨ ਦੀ ਨਿੰਦਾ ਕਰਦਿਆਂ ਕਿਹਾ ਕਿ ਪਿਛਲੀ ਸਰਕਾਰ ਕਹਿੰਦੀ ਸੀ ਕਿ ਸਰਹੱਦ ਬੰਦ ਕਰਨ ਲਈ ਨਵੇਂ ਕਾਨੂੰਨਾਂ ਦੀ ਲੋੜ, ਪਰ ਉਨ੍ਹਾਂ ਨੇ ਬਿਨਾਂ ਕਿਸੇ ਨਵੀਂ ਕਾਨੂੰਨ ਪ੍ਰਕਿਰਿਆ ਦੇ ਹੀ ਸਰਹੱਦਾਂ ’ਤੇ 99.999% ਘੁਸਪੈਠ ਰੋਕ ਦਿੱਤੀ ਹੈ। ਉਨ੍ਹਾਂ ਇਸ ਨੂੰ ਅਮਰੀਕੀ ਇਤਿਹਾਸ ਦੀ ਸਭ ਤੋਂ ਮਜ਼ਬੂਤ ਸਰਹੱਦ ਕਰਾਰ ਦਿੱਤਾ।

ਭਾਰਤੀ ਭਾਈਚਾਰੇ ’ਤੇ ਅਸਰ: ਅਮਰੀਕਾ ’ਚ ਵੱਡੀ ਗਿਣਤੀ ’ਚ ਰਹਿ ਰਹੇ ਭਾਰਤੀਆਂ ਲਈ ਇਹ ਬਿਆਨ ਮਿਸ਼ਰਤ ਪ੍ਰਤੀਕਿਰਿਆ ਵਾਲਾ ਹੈ। ਜਿੱਥੇ ਅਪਰਾਧੀਆਂ ਵਿਰੁੱਧ ਸਖ਼ਤੀ ਨਾਲ ਸੁਰੱਖਿਆ ਵਧੇਗੀ, ਉੱਥੇ ਹੀ ਕੰਮ ਕਰਨ ਵਾਲੇ ਵਰਕਰਾਂ ਨੂੰ ਦਿੱਤੀ ਗਈ ਰਾਹਤ ਦੀ ਗੱਲ ਨੇ ਕਈਆਂ ਨੂੰ ਸੁੱਖ ਦਾ ਸਾਹ ਲਿਆਇਆ ਹੈ। ਹਾਲਾਂਕਿ ਵੀਜ਼ਾ ਨਿਯਮਾਂ ’ਚ ਸਖ਼ਤੀ ਅਜੇ ਵੀ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ।

ਸਿਰਫ਼ ਇੱਕ ਸੈਕਿੰਡ ’ਚ ਰੁਕੇਗਾ ਜ਼ਖਮ ’ਚੋਂ ਖ਼ੂਨ

ਸੋਲ: ਦੱਖਣੀ ਕੋਰੀਆ ਦੇ ਵਿਗਿਆਨੀਆਂ ਦੀ ਇੱਕ ਖੋਜੀ ਟੀਮ ਨੇ, ਜਿਸ ’ਚ ਫ਼ੌਜ ਦੇ ਇੱਕ ਮੌਜੂਦਾ ਮੇਜਰ ਵੀ ਸ਼ਾਮਿਲ ਸਨ, ਇੱਕ ਅਜਿਹਾ ਚਮਤਕਾਰੀ ਸਪ੍ਰੇ-ਔਨ ਪਾਊਡਰ (Spray-on Powder) ਤਿਆਰ ਕੀਤਾ ਹੈ ਜੋ ਕਿਸੇ ਵੀ ਜ਼ਖ਼ਮ ਤੋਂ ਹੋਣ ਵਾਲੇ ਖ਼ੂਨ ਦੇ ਵਹਾਅ ਨੂੰ ਸਿਰਫ਼ ਇੱਕ ਸੈਕਿੰਡ ’ਚ ਰੋਕ ਸਕਦਾ ਹੈ। ਇਹ ਨਵੀਂ ਤਕਨੀਕ ਜੰਗ ਦੇ ਮੈਦਾਨਾਂ ਅਤੇ ਐਮਰਜੈਂਸੀ ਹਾਲਾਤਾਂ ’ਚ ਹੋਣ ਵਾਲੀਆਂ ਮੌਤਾਂ ਨੂੰ ਘਟਾਉਣ ਲਈ ਉਮੀਦ ਦੀ ਇੱਕ ਵੱਡੀ ਕਿਰਨ ਵਜੋਂ ਦੇਖੀ ਜਾ ਰਹੀ ਹੈ।

ਕਿਵੇਂ ਕੰਮ ਕਰਦੀ ਹੈ ਇਹ ਨਵੀਂ ਤਕਨੀਕ ? ਸਰੋਤਾਂ ਅਨੁਸਾਰ KAIST ਦੇ ਪ੍ਰੋਫ਼ੈਸਰ ਸਟੀਵ ਪਾਰਕ ਤੇ ਪ੍ਰੋਫ਼ੈਸਰ ਸੰਗਯੋਂਗ ਜੋਨ ਦੀ ਅਗਵਾਈ ਵਾਲੀ ਟੀਮ ਨੇ ਇਸ ਪਾਊਡਰ-ਆਧਾਰਿਤ ਹੈਮੋਸਟੈਟਿਕ ਏਜੰਟ ਨੂੰ ਵਿਕਸਿਤ ਕੀਤਾ ਹੈ। ਜਦੋਂ ਇਸ ਪਾਊਡਰ ਨੂੰ ਕਿਸੇ ਸੱਟ ’ਤੇ ਛਿੜਕਿਆ ਜਾਂਦਾ ਹੈ ਤਾਂ ਇਹ ਖ਼ੂਨ ਦੇ ਸੰਪਰਕ ’ਚ ਆਉਂਦੇ ਹੀ ਸਿਰਫ਼ ਇੱਕ ਸੈਕਿੰਡ ’ਚ ਇੱਕ ਮਜ਼ਬੂਤ ਹਾਈਡ੍ਰੋਜੈੱਲ ਬੈਰੀਅਰ ’ਚ ਬਦਲ ਜਾਂਦਾ ਹੈ ਅਤੇ ਜ਼ਖ਼ਮ ਨੂੰ ਤੁਰੰਤ ਸੀਲ ਕਰ ਦਿੰਦਾ ਹੈ।

ਫ਼ੌਜੀ ਮਿਸ਼ਨ ਤੇ ਵਿਹਾਰਕ ਵਰਤੋਂ: ਇਸ ਖੋਜ ’ਚ ਸਰਗਰਮ ਭੂਮਿਕਾ ਨਿਭਾਉਣ ਵਾਲੇ PhD ਉਮੀਦਵਾਰ ਅਤੇ ਫ਼ੌਜੀ ਮੇਜਰ ਕਿਊਸੂਨ ਪਾਰਕ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਖੋਜ ਇੱਕ ਮਿਸ਼ਨ ਵਜੋਂ ਸ਼ੁਰੂ ਕੀਤੀ ਸੀ ਤਾਂ ਜੋ ਜੰਗ ਦੌਰਾਨ ਸਿਪਾਹੀਆਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਸਰੋਤ ਦੱਸਦੇ ਹਨ ਕਿ ਮੌਜੂਦਾ ਸਮੇਂ ’ਚ ਵਰਤੇ ਜਾਣ ਵਾਲੇ ਪੈਚ-ਟਾਈਪ ਉਤਪਾਦ ਡੂੰਘੇ ਜਾਂ ਅਜੀਬ ਆਕਾਰ ਦੇ ਜ਼ਖ਼ਮਾਂ ਲਈ ਸਹੀ ਨਹੀਂ ਹੁੰਦੇ, ਅਤੇ ਗਰਮੀ ਜਾਂ ਨਮੀ ’ਚ ਉਹ ਜਲਦੀ ਖ਼ਰਾਬ ਹੋ ਜਾਂਦੇ ਹਨ। ਇਸ ਦੇ ਉਲਟ, ਇਹ ਨਵਾਂ ਪਾਊਡਰ ਕਿਸੇ ਵੀ ਆਕਾਰ ਦੇ ਜ਼ਖ਼ਮ ’ਤੇ ਕੰਮ ਕਰਦਾ ਹੈ, ਅਤੇ ਬਹੁਤ ਜ਼ਿਆਦਾ ਤਾਪਮਾਨ ਵਾਲੇ ਖੇਤਰਾਂ ’ਚ ਵੀ ਸਟੋਰ ਕੀਤਾ ਜਾ ਸਕਦਾ ਹੈ।

ਸੁਰੱਖਿਆ ਅਤੇ ਪ੍ਰਭਾਵਸ਼ਾਲੀ ਟੈੱਸਟ: ਇਸ ਪਾਊਡਰ ਨੂੰ AGCL Powder ਦਾ ਨਾਂ ਦਿੱਤਾ ਗਿਆ ਹੈ ਜੋ ਐਲਜੀਨੈਟ, ਗੈਲਨ ਗਮ ਅਤੇ ਚੀਟੋਸਨ ਵਰਗੇ ਕੁਦਰਤੀ ਪਦਾਰਥਾਂ ਤੋਂ ਬਣਿਆ ਹੈ। ਪ੍ਰਯੋਗਸ਼ਾਲਾ ਦੇ ਟੈੱਸਟਾਂ ’ਚ ਇਹ ਪਾਊਡਰ 99.9% ਬੈਕਟੀਰੀਆ ਵਿਰੋਧੀ ਪਾਇਆ ਗਿਆ ਹੈ, ਅਤੇ ਇਹ ਸ਼ਰੀਰ ਲਈ ਪੂਰੀ ਤਰ੍ਹਾਂ ਸੁਰੱਖਿਅਤ ਹੈ। ਜਿਗਰ (liver) ਦੀਆਂ ਸੱਟਾਂ ’ਤੇ ਕੀਤੇ ਗਏ ਟਰਾਇਲਾਂ ਦੌਰਾਨ ਇਸ ਨੇ ਮੌਜੂਦਾ ਦਵਾਈਆਂ ਦੇ ਮੁਕਾਬਲੇ ਬਹੁਤ ਤੇਜ਼ੀ ਨਾਲ ਖ਼ੂਨ ਨੂੰ ਰੋਕਿਆ, ਅਤੇ ਦੋ ਹਫ਼ਤਿਆਂ ਦੇ ਅੰਦਰ ਅੰਗ ਨੇ ਆਮ ਵਾਂਗ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਆਮ ਜਨਤਾ ਲਈ ਵੀ ਹੋਵੇਗਾ ਲਾਹੇਵੰਦ: ਹਾਲਾਂਕਿ ਇਹ ਤਕਨੀਕ ਖ਼ਾਸ ਤੌਰ ’ਤੇ ਰੱਖਿਆ ਖੇਤਰ ਲਈ ਬਣਾਈ ਗਈ ਹੈ, ਪਰ ਇਸ ਦੀ ਵਰਤੋਂ ਆਉਣ ਵਾਲੇ ਸਮੇਂ ’ਚ ਕੁਦਰਤੀ ਆਫ਼ਤਾਂ, ਐਮਰਜੈਂਸੀ ਮੈਡੀਕਲ ਸੇਵਾਵਾਂ ਅਤੇ ਔਪਰੇਸ਼ਨਾਂ ਦੌਰਾਨ ਖ਼ੂਨ ਰੋਕਣ ਲਈ ਵੀ ਕੀਤੀ ਜਾ ਸਕੇਗੀ। ਇਹ ਰੱਖਿਆ ਵਿਗਿਆਨ ਦੇ ਖੇਤਰ ’ਚ ਇੱਕ ਅਜਿਹੀ ਕਾਢ ਹੈ ਜੋ ਆਮ ਨਾਗਰਿਕਾਂ ਦੀ ਸਿਹਤ ਸੇਵਾਵਾਂ ’ਚ ਵੀ ਵੱਡਾ ਬਦਲਾਅ ਲਿਆ ਸਕਦੀ ਹੈ।

ਪੰਜਾਬ ਦੀ ਸਿਆਸਤ ’ਚ ਸ਼ੁਰੂ ਹੋਣ ਜਾ ਰਿਹੈ ਦਲ-ਬਦਲੀਆਂ ਦਾ ਦੌਰ

ਚੰਡੀਗੜ੍ਹ: ਪੰਜਾਬ ਦੀ ਰਾਜਨੀਤੀ ’ਚ ਅਪ੍ਰੈਲ 2026 ਤੋਂ ਧਮਾਕੇ ਹੋਣੇ ਸ਼ੁਰੂ ਹੋ ਜਾਣਗੇ ਅਤੇ ਦਬਾਅ ਦੀ ਰਾਜਨੀਤੀ ਦਮ ਤੋੜ ਜਾਵੇਗੀ। ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਫ਼ਰਵਰੀ-ਮਾਰਚ 2027 ’ਚ ਹੋਣੀਆਂ ਹਨ, ਅਤੇ ਜਿਵੇਂ-ਜਿਵੇਂ ਪੰਜਾਬ ਚੋਣਾਂ ਵੱਲ ਵਧਦਾ ਜਾਵੇਗਾ ਤਿਵੇਂ-ਤਿਵੇਂ ਸੱਤਾਧਾਰੀ ਪਾਰਟੀ ਦੇ ਅੰਦਰ ਵੀ ਹਲਚਲ ਵਧਦੀ ਜਾਵੇਗੀ। ਚੋਣਾਂ ਜਿਵੇਂ-ਜਿਵੇਂ ਨੇੜੇ ਆਉਂਦੀਆਂ ਹਨ ਤਿਵੇਂ-ਤਿਵੇਂ ਚੁਣੇ ਹੋਏ ਨੁਮਾਇੰਦਿਆਂ ਅੰਦਰ ਮੁੜ ਚੁਣੇ ਨਾ ਜਾਣ ਦੀ ਭਾਵਨਾ ਵੀ ਵਧਦੀ ਜਾਂਦੀ ਹੈ। ਅਜਿਹੀ ਸਥਿਤੀ ’ਚ ਦਲ-ਬਦਲੀ ਦਾ ਦੌਰ ਰਾਜਨੀਤੀ ’ਚ ਸ਼ੁਰੂ ਹੋ ਜਾਵੇਗਾ।

ਪੰਜਾਬ ’ਚ ਉਂਝ ਵੀ ਇਸ ਸਮੇਂ ਕਈ ਸਿਆਸੀ ਪਾਰਟੀਆਂ ਮੈਦਾਨ ’ਚ ਹਨ, ਇਸ ਲਈ ਚੁਣੇ ਹੋਏ ਵਿਧਾਇਕਾਂ ਸਾਹਮਣੇ ਵੀ ਕਈ ਤਰ੍ਹਾਂ ਦੇ ਬਦਲ ਹੁੰਦੇ ਹਨ। ਉਸ ਨੂੰ ਦੇਖਦੇ ਹੋਏ ਦਲ-ਬਦਲੀ ਦਾ ਦੌਰ ਜ਼ਿਆਦਾ ਭੱਖ ਜਾਂਦਾ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਵੀ ਅਗਲੀ ਚੋਣ ’ਚ ਆਪਣੇ 50-60 ਮੌਜੂਦਾ ਵਿਧਾਇੱਕਾਂ ਨੂੰ ਬਦਲਣ ਦਾ ਵਿੱਚਾਰ ਰੱਖਦੀ ਹੈ। ਅਜਿਹੀ ਸਥਿਤੀ ’ਚ ਦਲ-ਬਦਲੀ ਦਾ ਦੌਰ ਜ਼ਿਆਦਾ ਪ੍ਰਭਾਵਸ਼ਾਲੀ ਦਿਖਾਈ ਦੇਵੇਗਾ ਕਿਉਂਕਿ ਜਿਨ੍ਹਾਂ ਵਿਧਾਇਕਾਂ ਨੂੰ ਮੁੜ ਟਿਕਟ ਨਾ ਮਿਲਣ ਦਾ ਖ਼ਦਸ਼ਾ ਹੋਵੇਗਾ, ਉਹ ਪਾਰਟੀਆਂ ਨੂੰ ਛੱਡਣਗੇ।

ਚੋਣਾਂ ਨੇੜੇ ਆਉਣ ’ਤੇ ਸਰਕਾਰੀ ਅਹੁਦਾ ਹਾਸਿਲ ਕਰਨ ਦੀ ਲਾਲਸਾ ਵੀ ਘੱਟ ਹੋ ਜਾਂਦੀ ਹੈ। ਅਜਿਹੀ ਸਥਿਤੀ ’ਚ ਪਾਰਟੀਆਂ ’ਚ ਬਗ਼ਾਵਤ ਵੀ ਵੱਧ ਜਾਵੇਗੀ। ਸਭ ਤੋਂ ਮਹੱਤਵਪੂਰਣ ਗੱਲ ਇਹ ਰਹੇਗੀ ਕਿ ਸੱਤਾਧਾਰੀ ਪਾਰਟੀ ਨਾਲ ਸਬੰਧ ਰੱਖਦੇ ਮੰਤਰੀਆਂ ਅਤੇ ਬੋਰਡਾਂ ਤੇ ਕੌਰਪੋਰੇਸ਼ਨਾਂ ’ਚ ਤਾਇਨਾਤ ਲੋਕ ਪ੍ਰਤੀਨਿਧੀਆਂ ਉੱਪਰ ਦਬਾਅ ਘੱਟ ਹੋ ਜਾਵੇਗਾ। ਅਜਿਹੀ ਸਥਿਤੀ ’ਚ ਉਹ ਹਾਈਕਮਾਂਡ ਦੀ ਵੀ ਪਰਵਾਹ ਨਹੀਂ ਕਰਨਗੇ।ਅਸਲ ’ਚ ਪੰਜਾਬ ਦੀ ਰਾਜਨੀਤੀ ਆਉਣ ਵਾਲੇ ਦਿਨਾਂ ’ਚ ਦਿਲਚਸਪ ਦੌਰ ’ਚ ਦਾਖਲ ਹੋਣ ਵਾਲੀ ਹੈ। ਪੰਜਾਬੀ ਇਸ ਦਾ ਖ਼ੂਬ ਲੁਤਫ਼ ਉਠਾਉਂਦੇ ਹੋਏ ਦਿਖਾਈ ਦੇਣਗੇ ਅਤੇ ਰਾਜਨੀਤਕ ਚਰਚਾਵਾਂ ਲਗਾਤਾਰ ਪੰਜਾਬ ਦੇ ਸਿਆਸੀ ਮੰਚ ’ਤੇ ਚੱਲਦੀਆਂ ਦਿਖਾਈ ਦੇਣਗੀਆਂ। ਅਜੇ ਤਾਂ ਕਈ ਮੰਤਰੀਆਂ ਅਤੇ ਵਿਧਾਇਕਾਂ ’ਤੇ ਇੱਕ ਮਨੋਵਿਗਿਆਨਕ ਦਬਾਅ ਚੱਲ ਰਿਹਾ ਹੈ ਜੋ ਹੌਲੀ-ਹੌਲੀ ਖ਼ਤਮ ਹੁੰਦਾ ਜਾਵੇਗਾ। ਉਂਝ ਵੀ ਕਈ ਮੰਤਰੀ ਨਿੱਜੀ ਗੱਲਬਾਤ ’ਚ ਕਹਿੰਦੇ ਹਨ ਕਿ ਪਿਛਲੇ ਚਾਰ ਸਾਲਾਂ ’ਚ ਤਾਂ ਉਨ੍ਹਾਂ ਦੀ ਇੱਛਾ ਅਨੁਸਾਰ ਪੰਜਾਬ ’ਚ ਕੋਈ ਕੰਮ ਹੋਏ ਹੀ ਨਹੀਂ। ਉਨ੍ਹਾਂ ਨੂੰ ਤਾਂ ਰੀਮੋਟ ਕੰਟਰੋਲ ਨਾਲ ਚਲਾਇਆ ਜਾ ਰਿਹਾ ਸੀ। ਇੱਥੋਂ ਤਕ ਕਿ ਕੁੱਝ ਮੰਤਰੀ ਤਾਂ ਇਹ ਵੀ ਕਹਿੰਦੇ ਹਨ ਕਿ ਉਹ ਆਪਣੇ ਵਿਭਾਗ ’ਚ ਬਦਲੀਆਂ ਕਰਨ ਦੇ ਵੀ ਸਮੱਰਥ ਨਹੀਂ ਸਨ।

DENTISTRY
PROFESSIONAL CORPORATION
* Scaling, Polishing
* Bleaching
* Crown, Bridges
* Dentures
* Fillings
* Extractions
* Root Canals
* Gum Treatment
DENTISTRY
BRACES TREATMENT FOR KIDS & ADULTS
For Free Dental Care & Dentures
Under Insurance Coverage Accepted
Direct Billing to Insurance Company
Punjabi Speaking Dentist Available
Ph. 647-625-7205
Dr. Sandhu Charolais/Mavis Dental Centre
(In Shoppers Drug Mart Plaza)
510 Charolais Blvd.
Unit 4, Brampton, ON L6Y 0R5
Phone: 905 455 8585
Gore Ebenezer Dental Centre
4550 Ebenezer Road
Unit No. 2 & 3 Brampton, On L6P 2R2
Phone: 905-794-5667
ਆਪਣੇ ਦੰਦਾਂ ਦੀ ਸੰਭਾਲ ਅਤੇ ਹਰ ਤਰ੍ਹਾਂ ਦੇ ਇਲਾਜ ਲਈ ਤੁਹਾਡਾ ਆਪਣਾ ਫੈਮਿਲੀ ਡੈਂਟਲ ਸੈਂਟਰ
Monday to Friday: 11 am to 7 pm, Saturday: 10 am to 3 pm
(with appointment only)

LAW OFFICE OF AMAN SHARMA
LAW OFFICE AMAN SHARMA
REAL ESTATE
(Residential/Commercial)
* BUSINESS PURCHASE AND SALE
* COMMERCIAL LEASE
* 2ND MORTGAGE, RE FINANCE
* FRANCHISE BUSINESS PURCHASE & SALE.
* IMMIGRATION SERVICES
* NOTARIZATION, AFFIDAVITS, WILLS & POWER OF ATTORNEY
AMAN SHARMA
Barrister, Solicitor & Notary Public
Tel: 905-913-2355 Fax: 905-913-2344
Email: info@lawofficeamansharma.ca
25 Cherrycrest Drive, Unit # 6,
Brampton, Ontario, L6P 3W4

Loans Loans Loans
* Personal or Business Loan
* Home Equity Line of Credit
* Personal Line of Credit
* ਪੜ੍ਹਾਈ ਲਈ OSAP Loan
* Bad Credit ਠੀਕ ਕਰਾਉਣ
ਬਾਰੇ ਮੁਫ਼ਤ ਸਲਾਹ ਲਈ ਡੋਨ ਕਰੋ
Call SunnyB
905-965-4644